**ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**ਚੌਥੀ ਮੰਜਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਮੋਹਾਲੀ**
**(ਕੋਆਰਡੀਨੇਸ਼ਨ ਸ਼ਾਖਾ)**

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2. ਸਮੂਹ ਸਕੂਲ ਪ੍ਰਿੰਸੀਪਲ/ਮੁੱਖੀ, ਪੰਜਾਬ।
   (ਵੈਬਸਾਈਟ ਰਾਹੀਂ)

ਮੀਮੋ ਨੰ: 15/1-2020 ਕੋ (1)/202028408
ਮਿਤੀ: 22.01.2020

**ਵਿਸ਼ਾ: ਗਣਤੰਤਰਤਾ ਦਿਵਸ-26 ਜਨਵਰੀ, 2020 ਮਨਾਉਣ ਬਾਰੇ।**

ਹਵਾਲਾ: ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸ਼ਾਖਾ) ਦਾ ਪੱਤਰ ਨੰ: GAD-POLOCELB/4/2019-1POL-1/E7391/20 ਮਿਤੀ 07.01.2020.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਇੰਨ ਬਿੰਨ ਪਾਲਣਾ ਹਿੱਤ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਅਨੁਸਾਰ ਸਮੂਹ ਦਫਤਰਾਂ ਅਤੇ ਸਕੂਲਾਂ ਵਿੱਚ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ਅਤੇ ਸਕੂਲਾਂ ਵਿੱਚ ਵਿਸ਼ੇਸ਼ ਸਮਾਗਮ ਮਨਾਉਣ ਲਈ ਇੰਤਜਾਮ ਕੀਤੇ ਜਾਣ।

ਨੱਥੀ ਉਕਤ ਅਨੁਸਾਰ

ਸਹਾਇਕ ਡਾਇਰੈਕਟਰ (ਕੋ. ਸ਼ਾਖਾ)

ਪਿੱ. ਅੰ. ਨੰ: ਉਕਤ ਮਿਤੀ. 22.01.2020

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ (ਸੂਚਨਾ ਹਿੱਤ)
2. ਰਜਿਸਟਰਾਰ ਸਿੱਖਿਆ ਵਿਭਾਗ।

ਸਹਾਇਕ ਡਾਇਰੈਕਟਰ (ਕੋ. ਸ਼ਾਖਾ)

**ਅਤਿ ਜ਼ਰੂਰੀ**

ਨੰ: GAD-POLOCELB/4/2019-I POL-1/E7391/ ੨੦

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਰਾਜਨੀਤੀ-1 ਸ਼ਾਖਾ)

ਸੇਵਾ ਵਿਖੇ

1. ਪੰਜਾਬ ਦੇ ਸਮੂਹ ਡਵੀਜਨਾਂ ਦੇ ਕਮਿਸ਼ਨਰ।
2. ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰ ।

24331 22.01.2020

ਮਿਤੀ, ਚੰਡੀਗੜ੍ਹ: ੦੭|੦੧|੨੦੨੦

ਵਿਸ਼ਾ:- ਗਣਤੰਤਰਤਾ ਦਿਵਸ- 26 ਜਨਵਰੀ, 2020 ਮਨਾਉਣ ਬਾਰੇ।

*****

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੰਬੋਧਨ ਕਰਨ ਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਰਾਜ ਵਿੱਚ ਗਣਤੰਤਰਤਾ ਦਿਵਸ 26 ਜਨਵਰੀ, 2020 ਨੂੰ ਢੁੱਕਵੇਂ ਅਤੇ ਸ਼ਾਨਦਾਰ ਢੰਗ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ।

2. ਗਣਤੰਤਰ ਦਿਵਸ ਸਬੰਧੀ ਸਮਾਰੋਹ ਨਿਮਨ ਲਿਖਤ ਪ੍ਰਕਾਰ ਹੋਣਗੇ:-

ੳ) ਪੰਜਾਬ ਦੇ ਮਾਨਯੋਗ ਰਾਜਪਾਲ ਜੀ ਜਿਲ੍ਹਾ ਗੁਰਦਾਸਪੁਰ ਵਿਖੇ ਰਾਜ ਪੱਧਰ ਦੇ ਹੋਣ ਵਾਲੇ ਸਮਾਗਮ ਵਿੱਚ ਸਵੇਰ ਦੇ ਸਮੇਂ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ। ਇਸ ਦਿਵਸ ਤੇ ਮੁੱਖ ਮੰਤਰੀ ਪੰਜਾਬ ਜੀ ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਰਾਸਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ। ਹੋਰ ਮੰਤਰੀ ਸਾਹਿਬਾਨ ਜਿਹੜੇ ਜਿਹੜੇ ਮੁਕਾਮਾਂ ਤੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ, ਉਨ੍ਹਾਂ ਦੀ ਸੂਚੀ ਵੱਖਰੇ ਤੌਰ ਤੇ ਭੇਜੀ ਜਾ ਰਹੀ ਹੈ। ਜੇਕਰ ਕਿਸੇ ਕਾਰਨ ਕੋਈ ਮੰਤਰੀ ਮਿੱਥੇ ਮੁਕਾਮ ਤੇ ਨਾ ਪੁੱਜ ਸਕੇ ਤਾਂ ਉਸ ਹਾਲਤ ਵਿੱਚ ਕਮਿਸ਼ਨਰੀ ਸਦਰ ਮੁਕਾਮਾਂ ਤੇ ਕਮਿਸ਼ਨਰ ਸਾਹਿਬਾਨ, ਜ਼ਿਲ੍ਹਾ ਸਦਰ ਮੁਕਾਮਾਂ ਤੇ ਡਿਪਟੀ ਕਮਿਸ਼ਨਰ ਸਾਹਿਬਾਨ ਅਤੇ ਉਪ-ਮੰਡਲ ਸਦਰ ਮੁਕਾਮਾਂ ਅਤੇ ਤਹਿਸੀਲ ਸਦਰ ਮੁਕਾਮਾਂ ਤੇ ਸਬੰਧਤ ਉਪ ਮੰਡਲ ਮੈਜਿਸਟ੍ਰੇਟ/ਤਹਿਸੀਲਦਾਰ ਸਵੇਰ ਦੇ ਸਮੇਂ ਝੰਡਾ ਲਹਿਰਾਉਣਗੇ ਅਤੇ ਸਲਾਮੀ ਲੈਣਗੇ।

(ਅ) ਜ਼ਿਲ੍ਹਿਆਂ ਵਿੱਚ ਮਾਰਚ ਪਾਸਟ ਦੀ ਰਸਮ ਵਿਚ ਸਥਾਨਿਕ ਐਨ.ਸੀ.ਸੀ. ਵੀ ਭਾਗ ਲਵੇ।

(ੲ) ਸਭ ਸਰਕਾਰੀ ਇਮਾਰਤਾਂ ਤੇ ਰਾਸ਼ਟਰੀ ਝੰਡਾ ਲਹਿਰਾਇਆ ਜਾਵੇ। ਇਸ ਅਵਸਰ ਤੇ ਜਨਤਾ ਨੂੰ ਆਪਣੇ ਘਰਾਂ ਤੇ ਰਾਸ਼ਟਰੀ ਝੰਡਾ ਲਹਿਰਾਉਣ ਸਬੰਧੀ ਕੋਈ ਪਾਬੰਦੀ ਨਹੀਂ ਹੋਵੇਗੀ।

(ਸ) ਜਿਲ੍ਹਾ ਸਦਰ ਮੁਕਾਮਾਂ ਤੇ ਸਵੇਰ ਦੇ ਸਮੇਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਤੋਂ ਇਲਾਵਾ, ਕਵੀ ਦਰਬਾਰ, ਮੁਸ਼ਾਇਰਿਆਂ ਅਤੇ ਰਾਸ਼ਟਰੀ ਨੇਤਾਵਾਂ ਸਬੰਧੀ ਕੌਮੀ ਕਵਿਤਾਵਾਂ ਤੇ ਗੀਤਾਂ ਤੇ ਗਾਇਨ ਵਰਗੇ ਸਮਾਰੋਹਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਸੁਤੰਤਰਤਾ ਅਤੇ ਕੌਮੀ ਰੱਖਿਆ ਸਬੰਧੀ ਕਵਿਤਾਵਾਂ ਅਤੇ ਗੀਤਾਂ ਦਾ ਗਾਇਨ ਇਨ੍ਹਾਂ ਸਮਾਰੋਹਾਂ ਦਾ ਇਕ ਜ਼ਰੂਰੀ ਅੰਗ ਹੋਵੇ।

(ਹ) ਜਿਥੋਂ ਤੱਕ ਦਿਹਾਤੀ ਇਲਾਕਿਆਂ ਦਾ ਸਬੰਧ ਹੈ, ਹਰ ਤਹਿਸੀਲ ਵਿੱਚ ਕੁਝ ਚੋਣਵੀਆਂ ਥਾਵਾਂ ਤੇ ਅਜਿਹੇ ਸਮਾਰੋਹਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਸਮਾਰੋਹਾਂ ਸਬੰਧੀ ਜ਼ਰੂਰੀ ਪ੍ਰਬੰਧ ਜ਼ਿਲ੍ਹਾ ਲੋਕ ਸੰਪਰਕ ਅਫਸਰਾਂ ਦੀ ਸਹਾਇਤਾ ਨਾਲ ਕੀਤੇ ਜਾਣ।

(ਕ) ਇਸ ਅਵਸਰ ਤੇ ਹਰ ਜ਼ਿਲ੍ਹਾ ਸਦਰ ਮੁਕਾਮ ਤੇ ਸ਼ਾਮ ਦੇ ਸਮੇਂ ਰੀਲੇ ਰੇਸਿਜ਼ ਅਤੇ ਐਗਜ਼ੀਬੀਸ਼ਨ ਮੈਚ ਕਰਵਾਏ ਜਾਣਗੇ। ਇਸ ਸਬੰਧੀ ਸਾਰੇ ਪ੍ਰਬੰਧ ਖੇਡ ਤੇ ਸਿੱਖਿਆ ਵਿਭਾਗ ਵੱਲੋਂ ਕੀਤੇ ਜਾਣਗੇ।

3. ਮੁੱਖ ਮੰਤਰੀ ਜੀ, ਸਪੀਕਰ ਸਾਹਿਬ ਅਤੇ ਦੂਜੇ ਮੰਤਰੀ ਸਾਹਿਬਾਨ (ਸਮੇਤ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ) ਦੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੇ ਪ੍ਰੋਗਰਾਮਾਂ ਦੇ ਵੇਰਵੇ ਬਾਰੇ ਸੂਚਨਾ ਤਤਕਾਲ ਹੀ ਉਨ੍ਹਾਂ ਦੇ ਸਕੱਤਰਾਂ/ਨਿੱਜੀ ਸਕੱਤਰਾਂ ਨੂੰ ਭੇਜ ਦਿੱਤੀ ਜਾਵੇ ਜੀ।

4. ਇਸ ਦੀ ਪਹੁੰਚ ਰਸੀਦ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਵਿਸਵਾਸ਼ਪਾਤਰ,

ਸੁਪਰਡੰਟ

ਗ:ਸ:ਪ:ਨੰ: GAD-POLOCELB/4/2019-I POL-1/E7391/21

ਮਿਤੀ, ਚੰਡੀਗੜ੍ਹ : 07/01/2020

ਇੱਕ ਕਾਪੀ ਸਮੂਹ ਵਿਭਾਗਾਂ ਦੇ ਮੁੱਖੀਆਂ, ਜਿਲ੍ਹਾ ਅਤੇ ਸੈਸ਼ਨ ਜੱਜਾਂ, ਪੰਜਾਬ ਦੇ ਸਾਰੇ ਉਪ-ਮੰਡਲ ਮੈਜਿਸਟਰੇਟ/ਤਹਿਸੀਲਦਾਰਾਂ ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

<u>ਡਾਇਰੈਕਟਰ, ਸਿੱਖਿਆ ਵਿਭਾਗ ਅਤੇ ਡਾਇਰੈਕਟਰ, ਖੇਡਾਂ ਵਿਭਾਗ, ਪੰਜਾਬ ਲਈ:-</u> ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਅਤੇ ਸਕੂਲਾਂ, ਕਾਲਜ਼ਾਂ ਵਿੱਚ ਵਿਸ਼ੇਸ਼ ਸਮਾਗਮ ਮਨਾਉਣ ਦੇ ਇੰਤਜ਼ਾਮ ਕੀਤੇ ਜਾਣ। ਇਸ ਅਵਸਰ ਤੇ ਰੀਲੇ ਰੇਸਿਜ਼ ਅਤੇ ਐਗਜ਼ੀਬੀਸ਼ਨ ਮੈਚ ਕਰਵਾਉਣ ਸਬੰਧੀ ਪੂਰੀ ਜਾਣਕਾਰੀ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ਤੋਂ ਪ੍ਰਾਪਤ ਕਰਕੇ ਇਨ੍ਹਾਂ ਲਈ ਜ਼ਰੂਰੀ ਪ੍ਰਬੰਧ, ਆਦਿ ਵੀ ਸਮੇਂ ਸਿਰ ਮੁਕੰਮਲ ਕਰ ਲਏ ਜਾਣ।

<u>ਕੇਵਲ ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਲਈ :-</u> ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਅਤੇ ਪ੍ਰੋਗਰਾਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ।

<u>ਜਿਲ੍ਹਾ ਸਦਰ ਮੁਕਾਮਾਂ ਤੇ ਨਿਯੁਕਤ ਉਪ-ਮੰਡਲ ਮੈਜਿਸਟਰੇਟ ਤੋਂ ਇਲਾਵਾ ਬਾਕੀ ਦੇ ਸਾਰੇ ਉਪ-ਮੰਡਲ ਮੈਜਿਸਟਰੇਟ ਤੇ ਤਹਿਸੀਲਦਾਰਾਂ ਲਈ:-</u> ਉਹ ਆਪਣੇ ਉਪ ਮੰਡਲਾਂ/ਤਹਿਸੀਲਾਂ ਦੇ ਸਦਰ ਮੁਕਾਮਾਂ ਤੇ ਢੁੱਕਵੇਂ ਸਮਾਰੋਹਾਂ ਦਾ ਪ੍ਰਬੰਧ ਕਰਨ।

<u>ਕੇਵਲ ਡਾਇਰੈਕਟਰ-ਜਨਰਲ, ਪੁਲਿਸ ਪੰਜਾਬ ਲਈ:-</u> ਕਿਰਪਾ ਕਰਕੇ ਸਾਰੇ ਸਥਾਨਾਂ ਤੇ ਲੋੜੀਂਦੀ ਪੁਲਿਸ ਦਾ ਪ੍ਰਬੰਧ ਕੀਤਾ ਜਾਵੇ।

ਸੁਪਰਡੰਟ

<u>ਤਤਕਾਲ</u>

ਇਸ ਦੀ ਇੱਕ ਕਾਪੀ ਮੁੱਖ ਮੰਤਰੀ, ਪੰਜਾਬ ਜੀ ਦੇ ਪ੍ਰਮੁੱਖ ਸਕੱਤਰ ਅਤੇ ਕੈਬਨਿਟ ਮੰਤਰੀ ਸਾਹਿਬਾਨ ਦੇ ਸਕੱਤਰਾਂ/ਨਿੱਜੀ ਸਕੱਤਰਾਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

2. ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਬਾਰੇ ਸਮਾਰੋਹਾਂ ਦੇ ਪ੍ਰੋਗਰਾਮਾਂ ਦੇ ਵੇਰਵੇ ਲਈ ਉਹ ਕਿਰਪਾ ਕਰਕੇ ਸਬੰਧਤ ਡਿਪਟੀ ਕਮਿਸ਼ਨਰਾਂ ਨਾਲ ਪੱਤਰ ਵਿਹਾਰ ਕਰਨ।

ਸੁਪਰਡੰਟ

ਮੁੱਖ ਮੰਤਰੀ ਜੀ ਦੇ ਪ੍ਰਮੁੱਖ ਸਕੱਤਰ
ਕੈਬਨਿਟ ਮੰਤਰੀ ਸਾਹਿਬਾਨਜ਼ ਦੇ ਸਕੱਤਰ/ਨਿੱਜੀ ਸਕੱਤਰ।

ਗ:ਸ:ਪ:ਨੰ: GAD-POLOCELB/4/2019-I POL-1/E7391/22

ਮਿਤੀ, ਚੰਡੀਗੜ੍ਹ : 07/01/2020

ਇੱਕ ਕਾਪੀ ਪ੍ਰਮੁੱਖ ਸਕੱਤਰ/ਮਾਨਯੋਗ ਰਾਜਪਾਲ, ਪੰਜਾਬ ਜੀ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਸੁਪਰਡੰਟ

ਪ੍ਰਮੁੱਖ ਸਕੱਤਰ/ਰਾਜਪਾਲ, ਪੰਜਾਬ, ਚੰਡੀਗੜ੍ਹ।

ਗ:ਸ:ਪ:ਨੰ: GAD-POLOCELB/4/2019-I POL-1/E7391/ 23 ਮਿਤੀ, ਚੰਡੀਗੜ੍ਹ : 07/01/2020

ਇੱਕ ਕਾਪੀ:

1. ਪੰਜਾਬ ਦੇ ਸਮੂਹ ਵਧੀਕ ਮੁੱਖ ਸਕੱਤਰਾਂ;
2. ਪੰਜਾਬ ਦੇ ਸਮੂਹ ਪ੍ਰਬੰਧਕੀ ਸਕੱਤਰਾਂ; ਅਤੇ
3. ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਸੁਪਰਡੰਟ

ਪੰਜਾਬ ਦੇ ਸਮੂਹ ਵਧੀਕ ਮੁੱਖ ਸਕੱਤਰ,
ਪੰਜਾਬ ਦੇ ਸਮੂਹ ਪ੍ਰਬੰਧਕੀ ਸਕੱਤਰ ਅਤੇ ਨਿੱਜੀ ਸਕੱਤਰ/ਮੁੱਖ ਸਕੱਤਰ ਪੰਜਾਬ।

ਗ:ਸ:ਪ:ਨੰ: GAD-POLOCELB/4/2019-I POL-1/E7391/ 24 ਮਿਤੀ, ਚੰਡੀਗੜ੍ਹ : 07/01/2020

ਤਤਕਾਲ

ਇੱਕ ਕਾਪੀ ਅਧੀਨ ਸਕੱਤਰ (ਜਨਰਲ), ਪੰਜਾਬ ਸਰਕਾਰ (ਏ.ਡੀ.ਓ. ਸਾਖਾ) ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਸੁਪਰਡੰਟ

ਅਧੀਨ ਸਕੱਤਰ (ਜਨਰਲ) ਪੰਜਾਬ ਸਰਕਾਰ।
(ਏ.ਡੀ.ਓ. ਸ਼ਾਖਾ)

ਗ:ਸ:ਪ:ਨੰ: GAD-POLOCELB/4/2019-I POL-1/E7391/ 25 ਮਿਤੀ, ਚੰਡੀਗੜ੍ਹ : 07/01/2020

ਤਤਕਾਲ

ਇੱਕ ਕਾਪੀ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਸੁਪਰਡੰਟ

ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ਗ:ਸ:ਪ:ਨੰ: GAD-POLOCELB/4/2019-I POL-1/E7391/ 26 ਮਿਤੀ, ਚੰਡੀਗੜ੍ਹ : 07/01/2020

ਤਤਕਾਲ

ਇਕ ਕਾਪੀ ਸਪੀਕਰ, ਪੰਜਾਬ ਵਿਧਾਨ ਸਭਾ ਅਤੇ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ ਦੇ ਸਕੱਤਰ/ਨਿੱਜੀ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਸੁਪਰਡੰਟ

ਸਪੀਕਰ/ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ਦੇ ਸਕੱਤਰ/ਨਿੱਜੀ ਸਕੱਤਰ।

ਗ:ਸ:ਪ:ਨੰ: GAD-POLOCELB/4/2019-I POL-1/E7391/ 27 ਮਿਤੀ, ਚੰਡੀਗੜ੍ਹ : 07/01/2020